**ਮਾਡਲ ਪ੍ਰਸ਼ਨ ਪੱਤਰ (ਲਿਖਤੀ)**
**2022-23**
**ਸਮਾਜਿਕ ਸਿੱਖਿਆ**

**ਸਮਾਂ :3 ਘੰਟੇ** **ਸ਼੍ਰੇਣੀ-ਦਸਵੀਂ** **ਕੁਲ ਅੰਕ: 80**

**ਨੋਟ:**
1. **ਪ੍ਰਸ਼ਨ-ਪੱਤਰ ਵਿੱਚ ਕੁਲ 6 ਭਾਗ ਹਨ ਜਿਨ੍ਹਾਂ ਵਿੱਚ 6 ਪ੍ਰਸ਼ਨ ਹਨ ਤੇ ਸਾਰੇ ਲਾਜ਼ਮੀ ਹਨ।**
2. **ਹਰ ਭਾਗ ਦੇ ਉਪ ਭਾਗਾਂ ਵਿੱਚ ਦਿੱਤੇ ਗਏ ਪ੍ਰਸ਼ਨ ਹਦਾਇਤਾਂ ਅਨੁਸਾਰ ਹੱਲ ਕਰਨੇ ਹਨ।**
3. **ਪ੍ਰਸ਼ਨ-ਪੱਤਰ ਵਿੱਚ ਭਾਗਾਂ ਦੀ ਵੰਡ ਪ੍ਰਸ਼ਨਾਂ ਦੀ ਕਿਸਮ ਅਨੁਸਾਰ ਕੀਤੀ ਗਈ ਹੈ।**

**ਭਾਗ-ੳ**

**ਪ੍ਰਸ਼ਨ-1: ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣ ਕੇ ਲਿਖੋ-** **12X1=12**

i. ਭਾਰਤ ਵਿੱਚ ਕਿੰਨੇ ਪ੍ਰਾਂਤ ਤੇ ਕਿੰਨੇ ਕੇਂਦਰ ਸ਼ਾਸਤ ਪ੍ਰਦੇਸ਼ ਹਨ ?
(ੳ) 28,08 (ਅ) 28,09
(ੲ) 29,08 (ਸ) 29,09

ii. ਦਮਨ ਤੋਂ ਗੋਆ ਤੱਕ ਦੇ ਤੱਟ ਦਾ ਇਲਾਕਾਈ ਨਾਮ ਕੀ ਹੈ?
(ੳ) ਮਾਲਾਬਾਰ (ਅ) ਕੋਂਕਣ
(ੲ) ਗੋਆ (ਸ) ਦਮਨ-ਦੀਵ

iii. 'ਮੌਨਸੂਨ ਦਾ ਜੂਆ' ਕਿਹੜੇ ਦਸਤਾਵੇਜ਼ ਨੂੰ ਕਿਹਾ ਜਾਂਦਾ ਹੈ?
(ੳ) ਭਾਰਤ ਦਾ ਸੰਵਿਧਾਨ (ਅ) ਭਾਰਤ ਦੀ ਆਰਥਕ ਨੀਤੀ
(ੲ) ਭਾਰਤ ਦਾ ਬਜਟ (ਸ) ਭਾਰਤੀ ਦੰਡਾਵਲੀ

iv. ਆਸਾਮ ਵਿੱਚ ਕਿਹੜੀ ਜੰਗਲੀ ਜੀਵ ਰੱਖ ਪੈਂਦੀ ਹੈ?
(ੳ) ਨੋਕ੍ਰੇਕ (ਅ) ਨਾਮਧਪਾ
(ੲ) ਕਾਨ੍ਹਾ (ਸ) ਕਾਜ਼ੀਰੰਗਾ

v. ਹੇਠ ਲਿਖਿਆਂ ਵਿੱਚੋਂ ਕਿਹੜੀ ਕਿਸਮ, ਬਜਟ ਦੀ ਕਿਸਮ ਨਹੀਂ ਹੈ?
(ੳ) ਸੰਤੁਲਿਤ ਬਜਟ (ਅ) ਬੱਚਤ ਦਾ ਬਜਟ
(ੲ) ਸਰਕਾਰੀ ਬਜਟ (ਸ) ਘਾਟੇ ਦਾ ਬਜਟ

vi. ਕਿਹੜੀ ਕਿਰਿਆ ਸਰਵਜਨਕ ਵਿਤਰਨ ਪ੍ਰਨਾਲ਼ੀ ਦਾ ਅੰਗ ਨਹੀਂ ਹੈ?
(ੳ) ਨਿਊਨਤਮ ਕੀਮਤਾਂ ਤੇ ਖਰੀਦ (ਅ) ਬਫ਼ਰ ਸਟਾਕ
(ੲ) ਉਚਿਤ ਮੁੱਲ ਦੁਕਾਨਾਂ (ਸ) ਉਪਭੋਗਤਾ ਸੰਗਠਨ

vii. ਕਿਹੜਾ ਨਾਮ ਪੰਜਾਬ ਦਾ ਪ੍ਰਾਚੀਨ ਨਾਮ ਨਹੀਂ ਹੈ?
(ੳ) ਪੈਂਟਾਪੋਟਾਮੀਆ (ਅ) ਸੁਲੇਮਾਨ
(ੲ) ਸਪਤ ਸਿੰਧੂ (ਸ) ਪੰਚ-ਨਦ

viii. ਹੇਠ ਲਿਖਿਆਂ ਚੋਂ ਕਿਹੜਾ ਕਾਰਜ ਗੁਰੂ ਨਾਨਕ ਪਾਤਸ਼ਾਹ ਨੇ ਨਹੀਂ ਕੀਤਾ?
(ੳ) ਨੌਂਕਰੀ (ਅ) ਖੇਤੀਬਾੜੀ
(ੲ) ਮੱਝਾਂ-ਗਾਵਾਂ ਚਾਰਨਾ (ਸ) ਵਪਾਰ

ix. ਕਿਹੜੀ ਜੰਗ ਦਾ ਸਬੰਧ ਬਾਬਾ ਬੰਦਾ ਸਿੰਘ ਬਹਾਦਰ ਨਾਲ ਹੈ?
(ੳ) ਲੋਹਗੜ੍ਹ ਦਾ ਯੁੱਧ (ਅ) ਸਰਸਾ ਦੀ ਲੜਾਈ
(ੲ) ਨਿਰਮੋਹ ਦਾ ਯੁੱਧ (ਸ) ਖਿਦਰਾਣਾ ਦਾ ਯੁੱਧ

x. ਨਾਮਧਾਰੀ (ਕੂਕਾ) ਲਹਿਰ ਦੇ ਆਗੂ ਕੌਣ ਸਨ?
(ੳ) ਅਹਿਮਦ ਖਾਂ ਖਰਲ (ਅ) ਬਾਬਾ ਰਾਮ ਸਿੰਘ ਜੀ
(ੲ) ਸੂਫ਼ੀ ਅੰਬਾ ਪ੍ਰਸਾਦ (ਸ) ਬਾਬਾ ਸੋਹਣ ਸਿੰਘ ਭਕਨਾ

xi. ਕਿਹੜੇ ਆਗੂ ਭਾਰਤ ਦੇ ਪ੍ਰਧਾਨਮੰਤਰੀ ਰਹੇ ਹਨ?
(ੳ) ਚੌਧਰੀ ਚਰਨ ਸਿੰਘ (ਅ) ਡਾ. ਬੀ.ਆਰ.ਅੰਬੇਦਕਰ
(ੲ) ਸ੍ਰੀ ਭੈਰਵ ਦੱਤ ਪਾਂਡੇ (ਸ) ਡਾ. ਜ਼ਾਕਿਰ ਹੁਸੈਨ

xii. ਕਿਹੜੀ ਸਿਆਸੀ ਪਾਰਟੀ, ਖੇਤਰੀ ਸਿਆਸੀ ਦਲ ਹੈ?
(ੳ) ਸ਼੍ਰੋਮਣੀ ਅਕਾਲੀ ਦਲ (ਅ) ਜਨਤਾ ਦਲ
(ੲ) ਇੰਡੀਅਨ ਨੈਸ਼ਨਲ ਕਾਂਗਰਸ (ਸ) ਭਾਰਤੀ ਜਨਤਾ ਪਾਰਟੀ

## ਭਾਗ-ਅ

**ਪ੍ਰਸ਼ਨ-2 : ਹੇਠ ਦਿੱਤੇ ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਤੱਕ ਦਿਓ:-** **12X1=12**

I. ਭਾਰਤ ਵਿੱਚ ਦਰਾੜ ਘਾਟੀਆਂ ਕਿੱਥੇ ਸਥਿਤ ਹਨ ?
II. ਲਿੰਗ-ਅਨੁਪਾਤ ਤੋਂ ਤੁਹਾਡਾ ਕੀ ਭਾਵ ਹੈ?
III. ਅਬਰਕ ਦਾ ਪ੍ਰਯੋਗ ਕਿਹੜੇ ਉਦਯੋਗਾਂ ਵਿੱਚ ਹੁੰਦਾ ਹੈ?
IV. ਹਰੀ ਖਾਦ ਕੀ ਹੁੰਦੀ ਹੈ?
V. ਲਘੂ ਉਦਯੋਗਾਂ ਦੀ ਕੋਈ ਇੱਕ ਸਮੱਸਿਆ ਲਿਖੋ।
VI. ਭਾਰਤ ਦੇ ਕੇਂਦਰੀ ਬੈਂਕ ਦਾ ਨਾਮ ਲਿਖੋ।
VII. ਪਟਿਆਲਾ ਰਿਆਸਤ ਵਿੱਚ ਪਰਜਾ ਮੰਡਲ ਲਹਿਰ ਦਾ ਆਗੂ ਕੌਣ ਸੀ?
VIII. ਤ੍ਰੈ-ਪੱਖੀ ਸੰਧੀ ਕਿਹੜੇ ਸੰਨ ਵਿੱਚ ਹੋਈ ਸੀ?
IX. ਸ਼ੁਕਰਚੱਕੀਆ ਮਿਸਲ ਦਾ ਮੋਢੀ ਕੌਣ ਸੀ?
X. ਅੰਮ੍ਰਿਤਸਰ ਸ਼ਹਿਰ ਦੀ ਨੀਂਹ ਕਿਸਨੇ ਰੱਖੀ ਸੀ?
XI. ਸੰਯੁਕਤ ਰਾਸ਼ਟਰ ਸੰਘ ਕਦੋਂ ਹੋਂਦ ਵਿੱਚ ਆਇਆ?
XII. ਭਾਰਤ ਦੇ ਮੌਜੂਦਾ ਰਾਸ਼ਟਰਪਤੀ ਕੌਣ ਹਨ?

## ਭਾਗ-ੲ

**ਪ੍ਰਸ਼ਨ-3 : ਹੇਠ ਲਿਖੇ ਸਾਰੇ ਲਾਜ਼ਮੀ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ:-** **8X3=24**

I. ਵਿਦੇਸ਼ੀ ਪੌਦਿਆਂ ਤੋਂ ਸਾਨੂੰ ਕੀ-ਕੀ ਨੁਕਸਾਨ ਹੋ ਸਕਦੇ ਹਨ?
II. ਤੱਟਵਰਤੀ ਮੈਦਾਨਾਂ ਦੀ ਸਮੁੱਚੇ ਭਾਰਤ ਨੂੰ ਕੀ ਦੇਣ ਹੈ?
III. ਭਾਰਤੀ ਅਰਥ ਵਿਵਸਥਾ ਵਿੱਚ ਖੇਤੀ ਦਾ ਮਹੱਤਵ ਬਿਆਨ ਕਰੋ।
IV. ਨਿਵੇਸ਼ ਕੀ ਹੈ? ਇਸਦੇ ਨਿਰਧਾਰਕ ਤੱਤ ਕਿਹੜੇ-ਕਿਹੜੇ ਹਨ?
V. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 'ਤੇ ਇੱਕ ਨੋਟ ਲਿਖੋ।
VI. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?
VII. ਮੰਤਰੀ ਮੰਡਲ ਦੇ ਚਾਰ ਕਾਰਜਾਂ ਦੀ ਵਿਆਖਿਆ ਕਰੋ।
VIII. ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਕੀ ਮਹੱਤਵ ਹੈ?

## ਭਾਗ-ਸ

**ਪ੍ਰਸ਼ਨ-4: ਹੇਠ ਲਿਖਿਆਂ ਵਿੱਚੋਂ ਕੋਈ 4 ਪ੍ਰਸ਼ਨਾਂ ਦੇ ਉੱਤਰ (ਹਰੇਕ ਦਾ) 100 ਸ਼ਬਦਾਂ ਤੱਕ ਦਿਓ:-** **4X4=16**

I. ਊਰਜਾ ਦੇ ਗ਼ੈਰ-ਪਰੰਪਰਾਗਤ ਸਾਧਨਾਂ ਦੇ ਵਿਕਾਸ ਅਤੇ ਮਹੱਤਵ ਨੂੰ ਵਿਸਥਾਰ 'ਚ ਲਿਖੋ।
II. ਭਾਰਤ ਵਿੱਚ ਗਰਮੀਆਂ ਤੇ ਸਰਦੀਆਂ ਦੀਆਂ ਰੁੱਤਾਂ ਦੀ ਤੁਲਨਾ ਕਰੋ।
III. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਦਾ ਕੀ ਮਹੱਤਵ ਹੈ?
IV. ਵਿਕਾਸ ਦਰ ਦੀ ਪਰਿਭਾਸ਼ਾ ਦਿਓ। ਇਸਦੀ ਗਣਨਾ ਕਿਵੇਂ ਕੀਤੀ ਜਾ ਸਕਦੀ ਹੈ?
V. ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਨਾਇਕ ਦੇ ਰੂਪ ਵਿੱਚ ਸ਼ਖ਼ਸੀਅਤ ਬਾਰੇ ਲਿਖੋ।
VI. ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਾਲੇ ਕਿਹੜੇ ਮਸਲਿਆਂ 'ਤੇ ਸਬੰਧ ਅਸੁਖਾਵੇਂ ਸਨ?
VII. ਵਿਸ਼ਵ ਸ਼ਾਂਤੀ ਵਿੱਚ ਭਾਰਤ ਦੀ ਭੂਮਿਕਾ ਉਤੇ ਸੰਖੇਪ ਨੋਟ ਲਿਖੋ।
VIII. ਭਾਰਤੀ ਚੋਣ ਕਮਿਸ਼ਨ ਦੇ ਸੰਗਠਨ ਤੇ ਕਾਰਜਾਂ ਤੋਂ ਜਾਣੂ ਕਰਵਾਓ।

## ਭਾਗ-ਹ

**ਪ੍ਰਸ਼ਨ-5 ਹੇਠ ਦਿੱਤੇ ਪੈਰ੍ਹੇ ਦੇ ਆਧਾਰ 'ਤੇ, ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-** **4X2=08**

ਹਰੀ-ਕ੍ਰਾਂਤੀ ਤੋਂ ਬਾਅਦ ਕਿਸਾਨਾਂ ਨੇ ਉਨ੍ਹਾਂ ਫ਼ਸਲਾਂ ਦੇ ਚੱਕਰ ਨੂੰ ਅਪਣਾ ਲਿਆ ਹੈ ਜੋ ਉਨ੍ਹਾਂ ਲਈ ਬਹੁਤ ਲਾਭਕਾਰੀ ਹਨ। ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਜਿਵੇਂ ਕਣਕ-ਝੋਨੇ ਦਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਕਣਕ-ਗੰਨੇ ਦਾ ਫ਼ਸਲੀ ਚੱਕਰ ਅਪਣਾਇਆ। ਇਸ ਨਾਲ ਦਾਲਾਂ ਤੇ ਤੇਲ ਦੇ ਬੀਜਾਂ ਵਾਲੀਆਂ ਫ਼ਸਲਾਂ ਦਾ ਉਤਪਾਦਨ ਕਾਫ਼ੀ ਘਟਿਆ ਹੈ। ਪਿਛਲੇ ਕੁਝ ਸਾਲਾਂ ਦੌਰਾਨ ਹਰੀ-ਕ੍ਰਾਂਤੀ ਦੇ ਖੇਤਰਾਂ ਵਿੱਚ ਵੀ ਖੇਤੀ-ਉਤਪਾਦਨ ਵਿੱਚ ਠਹਿਰਾਅ ਆਇਆ ਹੈ। ਹਾਲਾਕਿ ਅੰਨ ਦੀ ਸਮੱਸਿਆ ਦਾ ਹੱਲ, ਪੇਂਡੂ ਰੁਜ਼ਗਾਰ, ਅਨਾਜ ਦੀ ਦਰਾਮਦ ਵਿੱਚ ਕਮੀ, ਸਨਮਤਾਂ ਦਾ ਵਿਕਾਸ, ਕਿਸਾਨਾਂ ਦੀ ਖੁਸ਼ਹਾਲੀ, ਖੇਤੀ ਸਬੰਧੀ ਵਿਚਾਰਧਾਰਾ ਵਿੱਚ ਪਰਿਵਰਤਨ ਆਦਿ ਤਾਂ ਹਰੀ-ਕ੍ਰਾਂਤੀ ਦੀਆਂ ਪ੍ਰਾਪਤੀਆਂ ਰਹੀਆਂ ਪਰ ਭੂਮੀ ਦੀ ਉਤਪਾਦਕਤਾ ਵਿੱਚ ਕਮੀ ਤੇ ਜ਼ਮੀਨਦੋਜ਼ ਜੱਲ ਦੀ ਵੱਡੀ ਕਮੀ ਦੀ ਜੋ ਕੀਮਤ ਪੰਜਾਬ ਤੇ ਹਰਿਆਣੇ ਨੇ ਅਦਾ ਕੀਤੀ, ਉਹ ਵੀ ਹੁਣ ਕਿਸੇ ਤੋਂ ਛੁਪੀ ਨਹੀਂ ਹੈ। ਇਹ ਤੱਥ ਵੀ ਬਹੁਤ ਦੇਰੀ ਨਾਲ ਸਪਸ਼ਟ ਹੋਇਆ ਹੈ ਕਿ ਕੌਮਾਂਤਰੀ ਪੱਧਰ ਤੇ ਭਾਰਤ ਵਿੱਚ ਹਰੀ-ਕ੍ਰਾਂਤੀ ਲਿਆਣ ਲਈ ਖੇਤੀ ਯੂਨੀਵਰਸਿਟੀਆਂ ਦੀ ਸਥਾਪਨਾ ਤੇ ਕੌਮਾਂਤਰੀ ਅਮਰੀਕੀ ਬਲਾਕ ਦਾ ਇਸ ਖੇਤਰ ਵਿੱਚ ਸਹਿਯੋਗ ਅਸਲ ਵਿੱਚ ਭਾਰਤ ਨੂੰ ਸੋਵੀਅਤ ਬਲਾਕ ਨਾਲੋਂ ਖਿੱਚ ਲੈਣ ਲਈ ਹੀ ਕੀਤਾ ਗਿਆ ਸੀ।

I. ਕਿਸਾਨਾਂ ਵੱਲੋਂ ਅਪਣਾਏ ਫ਼ਸਲੀ ਚੱਕਰਾਂ ਵਿੱਚ ਕਿਹੜੀਆਂ ਅਨਾਜੀ ਫ਼ਸਲਾਂ ਸਭ ਤੋਂ ਵੱਧ ਉਗਾਈਆਂ ਗਈਆਂ?
II. ਨਵੇਂ ਫ਼ਸਲੀ ਚੱਕਰ ਨਾਲ ਖਾਸਕਰ ਕਿਹੜੀਆਂ ਫ਼ਸਲਾਂ ਦੇ ਉਤਪਾਦਨ ਦਾ ਨੁਕਸਾਨ ਹੋਇਆ?
III. ਉਪਰਲੇ ਪੈਰ੍ਹੇ ਵਿੱਚ ਕਿਹੜੇ ਦੋ ਕੌਮਾਂਤਰੀ ਬਲਾਕਾਂ ਦਾ ਜ਼ਿਕਰ ਹੈ?
IV. ਪੰਜਾਬ ਤੇ ਹਰਿਆਣਾ ਨੇ ਹਰੀ ਕ੍ਰਾਂਤੀ ਦੀਆਂ ਕੀ ਕੀਮਤਾਂ ਅਦਾ ਕੀਤੀਆਂ ਹਨ?

## ਭਾਗ- ਕ

**ਪ੍ਰਸ਼ਨ-6 ਭਾਰਤ ਤੇ ਪੰਜਾਬ (ਵੰਡ ਤੋਂ ਪਹਿਲਾਂ) ਦੇ ਖਾਕਿਆਂ ਵਿੱਚ ਕੋਈ 4-4 ਸਥਾਨ ਭਰੋ-** **4+4=08**

I. ਭਾਰਤ ਦੇ ਖਾਕੇ ਵਿੱਚ ਭਰੋ:-
ਬੰਗਾਲ ਦੀ ਖਾੜੀ, ਸ਼ਿਵਾਲਿਕ ਪਰਬਤ ਲੜੀ, ਜੈਸਲਮੇਰ, ਖੁਸ਼ਕ ਬਨਸਪਤੀ ਖੇਤਰ, ਪ੍ਰਮੁੱਖ ਗੰਨਾ ਉਤਪਾਦਕ ਖੇਤਰ, ਵੱਧ ਸਾਖਰਤਾ ਵਾਲ਼ਾ ਰਾਜ।
II. ਪੰਜਾਬ ਦੇ ਖਾਕੇ ਵਿੱਚ ਭਰੋ-
ਗੋਇੰਦਵਾਲ ਸਾਹਿਬ, ਕੁਰੂਕਸ਼ੇਤਰ, ਸਤਲੁੱਜ ਦਰਿਆ, ਸਰਹਿੰਦ, ਮੁਕਤਸਰ ਸਾਹਿਬ, ਪਾਉਂਟਾ ਸਾਹਿਬ।